27-Nov-Gurdaspur-Pages.qxd 11/27/2025 11:03 PM Page 2

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

ਰੇਡੀਓ

ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ 28 ਨਵੰਬਰ ਨੂੰ ਸ਼ਾਮ 4.00 ਤੋਂ 6.00 ਵਜੇ ਤੱਕ ਭਾਈ ਜਤਿੰਦਰਪਾਲ ਸਿੰਘ ਅਤੇ 29 ਨਵੰਬਰ ਨੂੰ ਸਵੇਰੇ 4.00 ਤੋਂ 6.00 ਵਜੇ ਤੱਕ ਭਾਈ ਜਗਤਾਰ ਸਿੰਘ ਰਾ 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 28 ਨਵੰਬਰ ਨੂੰ ਸ਼ਾਮ 4.30 ਤੋਂ 6.30 ਵਜੇ ਤੱਕ ਭਾਈ ਜਤਿੰਦਰਪਾਲ ਸਿੰਘ ਤੇ ਭਾਈ ਜੁਝਾਰ ਸਿੰਘ ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' ਭਾਈ ਤਜਿੰਦਰ ਸਿੰਘ ਤੇ 29 ਨਵੰਬਰ ਨੂੰ ਸਵੇਰੇ 3.55 ਵਜੇ ਤੋਂ 7.45 ਵਜੇ ਤੱਕ ਭਾਈ ਜਗਤਾਰ ਸਿੰਘ ਰਾ ਤੇ ਭਾਈ ਨਵਨੀਤ ਸਿੰਘ ਕੀਰਤਨ ਕਰਨਗੇ।

ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 3.55 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।

ਮੁੱਖ ਵਾਕ ਦੀ ਕਥਾ : 28 ਨਵੰਬਰ ਨੂੰ ਭਾਈ ਸਾਹਿਬ ਭਾਈ ਹਰਪਾਲ ਸਿੰਘ ਮੁੱਖ ਗ੍ਰੰਥੀ ਗੁ: ਸ੍ਰੀ ਫ਼ਤਹਿਗੜ੍ਹ ਸਾਹਿਬ ਤੇ 29 ਨਵੰਬਰ ਨੂੰ ਗਿਆਨੀ ਸੰਤੋਖ ਸਿੰਘ ਸੁਰਸਿੰਘ, ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਧਾਰਮਿਕ ਪ੍ਰੋਗਰਾਮ ਪੇਸ਼ ਕਰਦੇ ਹੋਏ ਵਿਦਿਆਰਥੀ। ਤਸਵੀਰ : ਹਰਦੀਪ ਸਿੰਘ ਸੰਧੂ

ਮੀਰੀ-ਪੀਰੀ ਸਕੂਲ ਅੱਡਾ ਡੇਹਰੀਵਾਲ ਦਰੋਗਾ 'ਚ ਸ਼ਹੀਦੀ ਦਿਹਾੜਾ ਮਨਾਇਆ

ਡੇਹਰੀਵਾਲ ਦਰੋਗਾ, 27 ਨਵੰਬਰ (ਹਰਦੀਪ ਸਿੰਘ ਸੰਧੂ)- ਮੀਰੀ-ਪੀਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਸਮੂਹ ਵਿਦਿਆਰਥੀਆਂ ਤੇ ਅਧਿਆਪਕਾਂ ਵਲੋਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ। ਉਪਰੰਤ ਬੱਚਿਆਂ ਵਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਿਤ ਕਵਿਤਾਵਾਂ, ਕਵੀਸ਼ਰੀ ਤੇ ਸ਼ਬਦ ਪੇਸ਼ ਕੀਤੇ ਗਏ। ਧਾਰਮਿਕ ਅਧਿਆਪਕ ਦਲਜੀਤ ਸਿੰਘ ਅਤੇ ਸਕੂਲ ਦੇ ਡਾਇਰੈਕਟਰ ਸੁਰਿੰਦਰ ਸਿੰਘ ਕੋਹਾੜ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਗਿਆ। ਇਸ ਮੌਕੇ ਡਾਇਰੈਕਟਰ ਸੁਰਿੰਦਰ ਸਿੰਘ ਕੋਹਾੜ, ਮੈਡਮ ਅਮਰਜੀਤ ਤੇ ਸਮੂਹ ਸਟਾਫ਼ ਸਨ।

ਬਾਬਾ ਸ਼ਿਵ ਬੋਹੜੀ ਸਾਹਿਬ ਵਾਲਿਆਂ ਦੀ ਮਿੱਠੀ ਯਾਦ 'ਚ ਗੁਰਮਤਿ ਮੁਕਾਬਲੇ 1 ਦਸੰਬਰ ਨੂੰ

ਬਟਾਲਾ, 27 ਨਵੰਬਰ (ਸਤਿੰਦਰ ਸਿੰਘ)- ਸੰਤ ਬਾਬਾ ਹਜ਼ਾਰਾ ਸਿੰਘ ਛੋਟੇ ਘੁੰਮਣਾ ਵਾਲਿਆਂ ਦੇ ਪਰਮ ਸੇਵਕ ਸੱਚਖੰਡ ਵਾਸੀ ਬਾਬਾ ਸ਼ਿਵ ਬੋਹੜੀ ਸਾਹਿਬ ਵਾਲਿਆਂ ਦੀ ਪਾਵਨ ਮਿੱਠੀ ਯਾਦ ਨੂੰ ਸਮਰਪਿਤ ਸੰਤ ਕੰਪਿਊਟਰ ਸੈਂਟਰ ਅੱਡਾ ਕੋਟਲੀ ਸੂਰਤ ਮੱਲ੍ਹੀ ਤੇ ਵੱਖ-ਵੱਖ ਸਮਾਜ ਸੇਵਕ ਜਥੇਬੰਦੀਆਂ ਦੇ ਸਾਂਝੇ ਸਹਿਯੋਗ ਨਾਲ ਧੰਨ ਧੰਨ ਬਾਬਾ ਹਜ਼ਾਰਾ ਸਿੰਘ ਸਰਬੱਤ ਦਾ ਭਲਾ ਨੌਜਵਾਨ ਸੁਧਾਰ ਸੁਸਾਇਟੀ ਨਿੱਕੇ ਘੁੰਮਣਾਂ ਵਲੋਂ ਬਾਬਾ ਅਵਤਾਰ ਸਿੰਘ ਗੁਰਦੁਆਰਾ ਅੰਗੀਠਾ ਸਾਹਿਬ ਅੱਡਾ ਕੋਟਲੀ ਸੂਰਤ ਮੱਲ੍ਹੀ ਵਿਖੇ 1 ਦਸੰਬਰ ਨੂੰ ਗੁਰਮਤਿ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਸੰਬੰਧੀ ਸੰਚਾਲਕ ਮਾਸਟਰ ਕੁਲਦੀਪ ਸਿੰਘ ਡੇਰਾ ਪਠਾਣਾ ਨੇ ਦੱਸਿਆ ਕਿ ਇਨ੍ਹਾਂ ਗੁਰਮਤਿ ਮੁਕਾਬਲਿਆਂ 'ਚ ਕਵੀਸ਼ਰੀ, ਗੁਰਬਾਣੀ ਕੰਠ ਤੇ ਦਸਤਾਰਬੰਦੀ ਦੇ ਮੁਕਾਬਲੇ ਹੋ ਰਹੇ ਹਨ। ਜੇਤੂ ਵਿਦਿਆਰਥੀਆਂ ਨੂੰ ਟਰਾਫ਼ੀਆਂ, ਤਗਮੇ, ਸਰਟੀਫਿਕੇਟ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਮੇਂ ਉੱਘੇ ਸਮਾਜ ਸੇਵਕ ਤੇ ਐਜੂਕੇਟਡ ਪੰਜਾਬ ਪ੍ਰੋਜੈਕਟ ਦੇ ਬਾਨੀ ਭਾਈ ਜਸਵਿੰਦਰ ਸਿੰਘ ਯੂ.ਕੇ. ਵਾਲੇ ਪਹੁੰਚ ਕੇ ਉਨ੍ਹਾਂ ਲੋੜਵੰਦ ਪਰਿਵਾਰ ਦੇ ਬੱਚਿਆਂ ਦੀ ਫ਼ੀਸ ਮੁਆਫ਼ ਕਰਨ ਦਾ ਪ੍ਰਬੰਧ ਕਰਨਗੇ, ਜਿਹੜੇ ਪੜ੍ਹਾਈ ਵਿਚ ਬਹੁਤ ਹੀ ਵਧੀਆ ਹਨ ਅਤੇ ਗਰੀਬੀ ਕਰ ਕੇ ਵਧੀਆ ਸਕੂਲਾਂ ਵਿਚ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਪਾ ਰਹੇ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਵਿਚ ਵੀ ਵਧੀਆ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਐਜੂਕੇਟ ਪੰਜਾਬ ਪ੍ਰੋਜੈਕਟ ਵਲੋਂ ਮੁਫ਼ਤ ਫ਼ੀਸ ਦੇ ਲਈ ਵੀ ਚੁਣੇ ਜਾ ਸਕਦੇ ਹਨ।



ਬਾਬਾ ਸ਼ਿਵ ਜੀ ਬੋਹੜੀ ਸਾਹਿਬ ਵਾਲੇ

ਜਨਮ ਦਿਨ ਮੁਬਾਰਕ

ਸਾਹਿਲਪ੍ਰੀਤ ਸਿੰਘ
ਪਿਤਾ ਗੁਰਪ੍ਰੀਤ ਸਿੰਘ
ਮਾਤਾ ਰਮਨਦੀਪ ਕੌਰ
ਪਿੰਡ ਕੋਹਾੜ

ਸਾਹਿਲਪ੍ਰੀਤ ਸਿੰਘ, ਪਿਤਾ ਗੁਰਪ੍ਰੀਤ ਸਿੰਘ, ਮਾਤਾ ਰਮਨਦੀਪ ਕੌਰ, ਪਿੰਡ ਕੋਹਾੜ

ਕਾਮਾਕਸ਼ੀ
ਪਿਤਾ : ਰਮਨ ਕੁਮਾਰ
ਮਾਤਾ : ਨੀਤੂ
ਵਾਸੀ : ਗੁਰਦਾਸਪੁਰ

ਵਰ੍ਹੇਗੰਢ ਮਨਾਈ

ਰਜਿੰਦਰ ਸਿੰਘ ਗੋਰਾਇਆ ਤੇ ਕਿਰਨਜੀਤ ਕੌਰ ਵਾਸੀ ਪਿੰਡ ਲੇਹਲ ਨੇ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ।

ਨਿਸ਼ਾਨ ਸਿੰਘ ਬਾਜਵਾ ਤੇ ਕੰਵਲਜੀਤ ਕੌਰ ਬਾਜਵਾ ਵਾਸੀ ਬਸਰਾਏ ਨੇ ਵਿਆਹ ਦੀ 30ਵੀਂ ਵਰ੍ਹੇਗੰਢ ਮਨਾਈ।

ਸ਼ਹਿਨਾਈਆਂ

ਦਿਲਮਨਪ੍ਰੀਤ ਸਿੰਘ ਚਾਹਲ ਸਪੁੱਤਰ ਸ. ਹੀਰਾ ਸਿੰਘ ਚਾਹਲ ਪਿੰਡ ਬਖਤਪੁਰ (ਗੁਰਦਾਸਪੁਰ) ਦਾ ਸ਼ੁੱਭ ਵਿਆਹ ਜਾਨਵੀ ਪੁੱਤਰੀ ਵਿਵੇਕ ਮੈਹਰਾ ਅੰਮ੍ਰਿਤਸਰ ਨਾਲ ਹੋਇਆ।

ਲਿਟਲ ਫਲਾਵਰ ਕਾਨਵੈਂਟ ਸਕੂਲ ਧਾਰੀਵਾਲ ਵਿਖੇ ਪ੍ਰਿੰਸੀਪਲ, ਅਧਿਆਪਕ ਅਤੇ ਵਿਦਿਆਰਥੀ ਸ਼ਹੀਦੀ ਦਿਹਾੜਾ ਮਨਾਉਂਦੇ ਹੋਏ। ਤਸਵੀਰ : ਸਵਰਨ ਸਿੰਘ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ

ਧਾਰੀਵਾਲ, 27 ਨਵੰਬਰ (ਸਵਰਨ ਸਿੰਘ)-ਸਥਾਨਕ ਲਿਟਲ ਫਲਾਵਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਫਾਦਰ ਜੋਸ ਪਡਿਆਟੀ ਦੇ ਪ੍ਰਬੰਧਾਂ ਤੇ ਪ੍ਰਿੰਸੀਪਲ ਸਿਸਟਰ ਦਿਵਿਆ ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ ਜਿਸ ਵਿਚ ਵਿਦਿਆਰਥੀਆਂ ਨੇ ਸ਼ਬਦ ਗਾਇਨ ਕੀਤੇ। ਉਪਰੰਤ ਕੋਟਿਨ ਕੋਟਿਨ ਪ੍ਰਣਾਮ ਕਰਦੇ ਹੋਏ ਸ਼ਰਧਾ ਭੇਟ ਕੀਤੀ ਗਈ। ਪ੍ਰਿੰਸੀਪਲ ਸਿਸਟਰ ਦਿਵਿਆ ਨੇ ਕਿਹਾ ਕਿ ਸਾਨੂੰ ਸਭ ਨੂੰ ਸਾਰੇ ਧਰਮਾਂ ਦੇ ਗੁਰੂਆਂ, ਰਹਿਬਰਾਂ ਦੇ ਦਿਹਾੜੇ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਉਪ ਪ੍ਰਿੰਸੀਪਲ ਸਿਸਟਰ ਟੀਨਾ, ਸਿਸਟਰ ਐਲਸ ਮਾਰੀਆ, ਪੀ.ਆਰ.ਓ. ਸਵਰਨ ਸਿੰਘ, ਗਤੀਵਿਧੀਆਂ ਇੰਚਾਰਜ ਮੈਡਮ ਨਵਨੀਤ ਕੌਰ, ਮਿਊਜ਼ਿਕ ਅਧਿਆਪਕ ਪੂਜਾ ਖੋਸਲਾ, ਪ੍ਰਦੀਪ ਕੁਮਾਰ ਤੋਂ ਇਲਾਵਾ ਹੋਰ ਸਟਾਫ਼ ਮੈਂਬਰ ਵੀ ਹਾਜ਼ਰ ਸਨ।

ਪੰਜਾਬ ਸਰਕਾਰ
ਮਿਊਂਸੀਪਲ ਕੌਂਸਲ, ਡੇਰਾਬੱਸੀ
ਟੈਂਡਰ ਮੰਗਣ ਦਾ ਨੋਟਿਸ
(ਵਰਕਸ)

ਕੰਮ ਮੰਗ ਰਿਹਾ ਵਿਭਾਗ :-	ਮਿਊਂਸੀਪਲ ਕੌਂਸਲ, ਡੇਰਾਬੱਸੀ
ਕੰਮ ਦੀ ਕੁੱਲ ਰਾਸ਼ੀ :-	ਕੰਮ ਰਾਸ਼ੀ ਰੁਪਏ 588.91 ਲੱਖ
ਬਿਆਨਾ ਰਾਸ਼ੀ :-	ਅੰਦਾਜ਼ਨ ਰਾਸ਼ੀ ਦਾ 2 ਪ੍ਰਤੀਸ਼ਤ
ਸ਼ੁਰੂਆਤੀ ਮਿਤੀ :-	24.11.2025
ਆਨਲਾਈਨ ਪੇਸ਼ ਕਰਨ ਦੀ ਅੰਤਿਮ ਮਿਤੀ :-	19.12.2025
ਬੋਲੀ ਖੁੱਲ੍ਹਣ ਦੀ ਮਿਤੀ :-	22.12.2025

ਟੈਂਡਰ ਮੰਗਣ ਦੇ ਨੋਟਿਸ ਦੀਆਂ ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ ਕਿਰਪਾ https://eproc.punjab.gov.in ਦੇਖੋ ਅਤੇ ਹੈਲਪਲਾਈਨ ਨੰ: 01762-280028, 281028 'ਤੇ ਸੰਪਰਕ ਕਰੋ।
ਸੋਧ, ਜੇਕਰ ਕੋਈ ਹੋਈ, ਕੇਵਲ ਵੈੱਬਸਾਈਟ 'ਤੇ ਜਾਰੀ ਕੀਤੀ ਜਾਵੇਗੀ।

ਸਹੀ/-
ਕਾਰਜਕਾਰੀ ਅਧਿਕਾਰੀ,
ਨਗਰ ਕੌਂਸਲ, ਡੇਰਾਬੱਸੀ।
PR-Advt. No. : 1617/12/2025-26/5458

ਪੰਜਾਬ ਸਰਕਾਰ
ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ
PUDA
ਪੁੱਡਾ ਕੰਪਲੈਕਸ, ਅਰਬਨ ਅਸਟੇਟ ਫੇਸ-II ਪਟਿਆਲਾ

ਈ-ਟੈਂਡਰ ਨੰ. PUDA/DE(C)/PTA/2025/37788-795 ਮਿਤੀ : 27.11.2025
ਡਵੀਜ਼ਨਲ ਇੰਜੀਨੀਅਰ (ਸੀ) ਪੁੱਡਾ, ਪਟਿਆਲਾ ਦੁਆਰਾ ਪਟਿਆਲਾ ਵਿਖੇ ਐਨੀਮਲ ਹਸਬੈਂਡਰੀ ਸਾਈਟ (ਪੁੱਡਾ ਇਨਕਲੇਵ-1) ਵਿਚ 2.95 ਏਕੜ ਈ-ਡਬਲਿਊ.ਐਸ. ਸਾਈਟ ਵਿਖੇ ਵਿਕਾਸ ਕੰਮ (ਡੀ.ਐਨ.ਆਈ.ਟੀ. ਰਾਸ਼ੀ - ਰੁ: 137.35 ਲੱਖ)" ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਅੰਤਿਮ ਮਿਤੀ ਅਤੇ ਸਮਾਂ : 18.12.2025 ਨੂੰ ਬਾ.ਦੁ. 01.00 ਵਜੇ
ਵੇਰਵਿਆਂ ਲਈ ਲਾਗਆਨ ਕਰੋ : https://eproc.punjab.gov.in
ਟਿੱਪਣੀ : ਟੈਂਡਰ ਨੋਟਿਸ ਲਈ ਕੋਈ ਸੋਧ (ਸੋਧਾਂ) ਨੂੰ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।
PR-Advt. No. 1716/12/2025-26/5428

ਡਾ. ਬੀ.ਆਰ. ਅਮ੍ਬੇਦਕਰ ਰਾਸ਼ਟ੍ਰੀਯ ਪ੍ਰੌਦ੍ਯੋਗਿਕੀ ਸੰਸਥਾਨ, ਜਾਲੰਧਰ
Dr. B.R. AMBEDKAR NATIONAL INSTITUTE OF TECHNOLOGY, JALANDHAR
G T Road By Pass, Jalandhar-144008, Punjab (India)
TENDER NOTICE-NITJ/EO/CA/142/25
Allotment of Shops

Last Date of Submission of Offline bids	16.12.2025 at 03:00 PM
Date of Opening of Technical bids	17.12.2025 at 11:00 AM

Offline tender bids are invited in two bids system from reputed vendors/contractors/Firms/Proprietorships/Cooperative Societies/Companies/Individuals for the allotment space for following shops (1) Ironing Shop (2) Tea & Cafe Shop, The detailed tender document, terms & conditions can be downloaded/seen at website of institute www.nitj.ac.in and CPP portal. (eprocure.gov.in/epublish/app). The Corrigendum(s) will be Published on same portals only.
No. : NITJ/EO/CA/142/25/35883 Registrar

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਣੀਏ ਕੇ ਬਾਂਗਰ ਦੇ 12ਵੀਂ ਜਮਾਤ ਦੇ ਵਿਦਿਆਰਥੀ ਜੋਇਲ ਮਸੀਹ, ਜਿਸ ਨੇ ਸਕੂਲ ਪੱਧਰੀ ਖੇਡਾਂ 'ਚ ਕੁਸ਼ਤੀ ਦੇ ਮੁਕਾਬਲੇ 'ਚ ਜ਼ਿਲ੍ਹਾ ਪੱਧਰ 'ਤੇ ਪਹਿਲਾ ਤੇ ਪੰਜਾਬ ਪੱਧਰ 'ਤੇ ਦੂਜਾ ਸਥਾਨ ਪ੍ਰਾਪਤ ਕੀਤਾ, ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਤੇ ਸਟਾਫ ਮੈਂਬਰ। ਅਜੀਤ ਤਸਵੀਰ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੰਗਰ ਲਗਾਇਆ

ਬਟਾਲਾ, 27 ਨਵੰਬਰ (ਸਤਿੰਦਰ ਸਿੰਘ)- ਸਥਾਨਕ ਸਾਹਿਲ ਇੰਡਸਟਰੀ ਵਿਖੇ ਇੰਡਸਟਰੀ ਏਰੀਆ ਐਸੋਸੀਏਸ਼ਨ ਦੇ ਪ੍ਰਧਾਨ ਸ: ਪਰਮਜੀਤ ਸਿੰਘ ਗਿੱਲ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਤਹਿਤ ਲੰਗਰ ਲਗਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਗ੍ਰੰਥੀ ਸਿੰਘ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ 'ਚ ਅਰਦਾਸ ਕੀਤੀ ਗਈ ਅਤੇ ਗੁਰੂ ਦੇ ਲੰਗਰ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸ: ਪਰਮਜੀਤ ਸਿੰਘ ਗਿੱਲ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਦੇਸ਼ ਦੇ ਕੋਨੇ-ਕੋਨੇ ਵਿਚ ਪੂਰਨ ਸ਼ਰਧਾ ਤੇ ਸਤਿਕਾਰ ਨਾਲ ਮਨਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਹਿੰਦੁਸਤਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ ਕਾਰਨ ਹੀ ਦੁਨੀਆਂ ਦੇ ਨਕਸ਼ੇ 'ਤੇ ਉਭਰਦਾ ਹੋਇਆ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨੂੰ ਹਰੇਕ ਦੇਸ਼ ਵਾਸੀ ਨੂੰ ਆਪਣੇ ਦਿਲ ਵਿਚ ਵਸਾ ਕੇ ਰੱਖਣਾ ਚਾਹੀਦਾ ਹੈ।

ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਸਮਾਗਮ ਦੌਰਾਨ ਪਰਮਜੀਤ ਸਿੰਘ ਗਿੱਲ ਤੇ ਹੋਰ। ਤਸਵੀਰ : ਜਤਿੰਦਰ ਕੱਦ

ਮੀਟਿੰਗ ਦੌਰਾਨ ਹਾਜ਼ਰ ਮਸੀਹ ਆਗੂ। ਤਸਵੀਰ: ਵਿਸ਼ਾਲ ਮੁੰਨਾ

ਕ੍ਰਿਸਮਿਸ ਮਨਾਉਣ ਸੰਬੰਧੀ ਸ਼ੇਰੇ ਬੱਬਰ ਦਲ ਦੇ ਆਗੂਆਂ ਦੀ ਮੀਟਿੰਗ

ਗੁਰਦਾਸਪੁਰ, 27 ਨਵੰਬਰ (ਗੁਰਪ੍ਰਤਾਪ ਸਿੰਘ)- ਕ੍ਰਿਸਮਿਸ ਦਾ ਪਾਵਨ ਦਿਹਾੜਾ ਮਨਾਉਣ ਸੰਬੰਧੀ ਸ਼ੇਰੇ ਬੱਬਰ ਕ੍ਰਿਸਚਨ ਸਮਾਜ ਸੇਵਾ ਦਲ ਦੇ ਆਗੂਆਂ ਦੀ ਇਕ ਅਹਿਮ ਮੀਟਿੰਗ ਪੰਜਾਬ ਰਾਜ ਮਸੀਹ ਭਲਾਈ ਬੋਰਡ ਦੇ ਸਾਬਕਾ ਉਪ ਚੇਅਰਮੈਨ ਤੇ ਸ਼ੇਰੇ ਬੱਬਰ ਕ੍ਰਿਸਚਨ ਸੇਵਾ ਦਲ ਦੇ ਪ੍ਰਧਾਨ ਤਰਸੇਮ ਸਹੋਤਾ ਦੇ ਗ੍ਰਹਿ ਵਿਖੇ ਹੋਈ ਜਿਸ ਵਿਚ ਵੱਡੇ ਦਿਨ ਨੂੰ ਧੂਮਧਾਮ ਨਾਲ ਮਨਾਉਣ ਸੰਬੰਧੀ ਵਿਚਾਰ ਚਰਚਾ ਕੀਤੀ ਗਈ। ਪ੍ਰਧਾਨ ਤਰਸੇਮ ਸਹੋਤਾ ਨੇ ਦੱਸਿਆ ਕਿ 17 ਦਸੰਬਰ 2025 ਨੂੰ ਕ੍ਰਿਸਮਿਸ ਦਿਹਾੜਾ ਮਨਾਇਆ ਜਾਵੇਗਾ ਜਿਸ ਵਿਚ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਤੇ ਹਲਕਾ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਜ਼ਿਲ੍ਹਾ ਗੁਰਦਾਸਪੁਰ ਦੇ ਸਾਂਸਦ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੰਤਰੀ ਤੇ ਵਿਧਾਇਕ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਸਾਬਕਾ ਮੰਤਰੀ ਤੇ ਵਿਧਾਇਕਾ ਅਰੁਣਾ ਚੌਧਰੀ ਉਚੇਚੇ ਤੌਰ 'ਤੇ ਹਾਜ਼ਰ ਹੋਣਗੇ। ਅੱਜ ਦੀ ਇਸ ਮੀਟਿੰਗ ਵਿਚ ਸ਼ੇਰੇ ਬੱਬਰ ਕ੍ਰਿਸਚਨ ਸੇਵਾ ਦਲ ਦੇ ਚੇਅਰਮੈਨ ਮੁਖਤਾਰ ਮਸੀਹ, ਪ੍ਰਧਾਨ ਰਾਜ ਮਸੀਹ ਲੁਧਿਆਣਾ, ਸਾਬਕਾ ਡੀ.ਐੱਸ.ਪੀ. ਪ੍ਰਭੂ ਦਾ